# ਗਰਭ ਅਵਸਥਾ ਵਿੱਚ ਗਰੁੱਪ ਬੀ ਸਟ੍ਰੈਪਟੋਕਾਕਸ (GBS)

# Group B Streptococcus (GBS) In Pregnancy

**ਜੀਬੀਐਸ ਕੀ ਹੈ? What is GBS?**

- ਇਹ ਇੱਕ ਰੋਗਾਣੂ ਹੈ ਜੋ ਮਾਂ ਅਤੇ ਬੱਚੇ ਦੋਵਾਂ ਵਿੱਚ ਲਾਗ ਦਾ ਕਾਰਨ ਬਣ ਸਕਦਾ ਹੈ।

**ਇਹ ਕਿਸ ਕਿਸਮ ਦੀ ਲਾਗ ਦਾ ਕਾਰਨ ਬਣਦਾ ਹੈ? What kinds of infection does it cause?**

- ਜ਼ਿਆਦਾਤਰ ਲੋਕਾਂ ਵਿੱਚ, ਕੋਈ ਵੀ ਬਿਮਾਰੀ ਨਹੀਂ ਹੁੰਦੀ
- ਗਰਭਵਤੀ ਅਤੇ ਜਣੇਪੇ ਤੋਂ ਬਾਅਦ ਔਰਤਾਂ ਵਿੱਚ, ਇਹ ਬਲੈਡਰ ਜਾਂ ਬੱਚੇਦਾਨੀ ਵਿੱਚ ਲਾਗ ਦਾ ਕਾਰਨ ਬਣ ਸਕਦਾ ਹੈ|
- ਬੱਚਿਆਂ ਵਿੱਚ, ਲਾਗ ਬਹੁਤ ਘੱਟ ਹੁੰਦੀ ਹੈ ਪਰ ਗੰਭੀਰ ਹੋ ਸਕਦੀ ਹੈ
    - ਜੀਬੀਐਸ ਤੋਂ ਬਿਮਾਰ ਹੋਣ ਵਾਲੇ ਥੋੜ੍ਹੇ ਜਿਹੇ ਬੱਚਿਆਂ ਵਿੱਚੋਂ:
        - 80% ਸ਼ੁਰੂਆਤੀ ਜੀ.ਬੀ.ਐੱਸ. ਸੰਕਰਮਣ ਹਨ (ਜਨਮ ਤੋਂ 1 ਹਫ਼ਤੇ ਤੱਕ) ਅਤੇ ਇਹਨਾਂ ਵਿੱਚ ਸ਼ਾਮਲ ਹਨ:
            - ਨਮੂਨੀਆ (ਫੇਫੜਿਆਂ ਵਿੱਚ ਲਾਗ)
            - ਮੈਨਿਨਜਾਈਟਿਸ (ਦਿਮਾਗ ਅਤੇ ਰੀੜ੍ਹ ਦੀ ਹੱਡੀ ਦੇ ਆਲੇ-ਦੁਆਲੇ ਲਾਗ)
            - ਸੇਪਸਿਸ (ਸਾਰੇ ਸਰੀਰ ਵਿੱਚ ਲਾਗ)
        - 20% ਪਿਛੇਤੀ ਜੀ.ਬੀ.ਐੱਸ. ਲਾਗ ਹੁੰਦੀ ਹੈ (1 ਹਫ਼ਤੇ ਅਤੇ 3 ਮਹੀਨਿਆਂ ਦੀ ਉਮਰ ਦੇ ਵਿਚਕਾਰ) ਪਰ ਬਦਕਿਸਮਤੀ ਨਾਲ, ਲੇਬਰ ਵਿੱਚ ਇਲਾਜ ਪਿਛੇਤੀ ਜੀ.ਬੀ.ਐੱਸ. ਲਾਗ ਦੇ ਜੋਖਮ ਨੂੰ ਘੱਟ ਨਹੀਂ ਕਰਦਾ ਹੈ।

**ਇਹ ਕਿਵੇਂ ਲੱਭਿਆ ਜਾਂਦਾ ਹੈ? How is it found?**

- ਇਹ ਗਰਭ ਅਵਸਥਾ ਦੇ 35ਵੇਂ ਤੋਂ 37ਵੇਂ ਹਫ਼ਤੇ ਦੇ ਆਸਪਾਸ ਯੋਨੀ ਦੇ ਹੇਠਲੇ ਭਾਗ ਅਤੇ ਗੁਦਾ ਤੋਂ ਇੱਕ ਫੰਭਾ ਲੈ ਕੇ ਲੱਭਿਆ ਜਾਂਦਾ ਹੈ ਜਾਂ
- ਇਹ ਤੁਹਾਡੀ ਗਰਭ-ਅਵਸਥਾ ਵਿੱਚ ਕਿਸੇ ਵੀ ਸਮੇਂ ਲਏ ਗਏ ਪਿਸ਼ਾਬ ਕਲਚਰ ਟੈਸਟ ਵਿੱਚ ਲਾਗ ਦੀ ਜਾਂਚ ਕਰਨ ਦੁਆਰਾ ਲੱਭਿਆ ਜਾ ਸਕਦਾ ਹੈ।

## ਕੀ ਹੋਵੇਗਾ ਜੇ ਮੈਨੂੰ ਜੀਬੀਐਸ ਹੋ ਜਾਵੇ? What if I have GBS?

- ਜੇ ਯੋਨੀ ਸਵਾਬ 'ਤੇ GBS ਮਿਲਦਾ ਹੈ, ਤਾਂ ਤੁਹਾਨੂੰ ਤੁਹਾਡੇ ਪਾਣੀ ਪੈਣ ਤੋਂ ਬਾਅਦ ਜਾਂ ਜਦੋਂ ਤੁਸੀਂ ਪ੍ਰਸੂਤੀ ਵਿੱਚ ਹੁੰਦੇ ਹੋ ਤਾਂ ਤੁਹਾਨੂੰ ਨਾੜੀ ਵਿੱਚ ਐਂਟੀਬਾਇਓਟਿਕਸ (ਆਮ ਤੌਰ 'ਤੇ ਪੈਨਿਸਿਲਿਨ) ਦਿੱਤੇ ਜਾਣਗੇ। ਪ੍ਰਸੂਤੀ ਤੋਂ ਪਹਿਲਾਂ ਐਂਟੀਬਾਇਓਟਿਕਸ ਦੇਣ ਨਾਲ ਕੋਈ ਫਾਇਦਾ ਨਹੀਂ ਹੁੰਦਾ।
    - ਹਸਪਤਾਲ ਵਿੱਚ, ਇੱਕ ਨਾੜੀ ਲਾਈਨ ਸ਼ੁਰੂ ਕੀਤੀ ਜਾਵੇਗੀ, ਅਤੇ ਤੁਹਾਨੂੰ ਐਂਟੀਬਾਇਓਟਿਕ ਦੀ ਤੁਹਾਡੀ ਪਹਿਲੀ ਖੁਰਾਕ ਦਿੱਤੀ ਜਾਵੇਗੀ। ਇਹ ਤੁਹਾਡੇ ਬੱਚੇ ਦੇ ਜਨਮ ਤੱਕ ਦੁਹਰਾਇਆ ਜਾਵੇਗਾ।
- ਜੇਕਰ ਤੁਹਾਡੇ ਪਿਸ਼ਾਬ ਵਿੱਚ GBS ਮਿਲਦਾ ਹੈ, ਤਾਂ ਜਦੋਂ ਵੀ ਬੈਕਟੀਰੀਆ ਮਿਲਦਾ ਹੈ, ਓਰਲ ਐਂਟੀਬਾਇਓਟਿਕਸ ਨਾਲ ਇਸਦਾ ਇਲਾਜ ਕੀਤਾ ਜਾਂਦਾ ਹੈ। ਇਹ ਯਕੀਨੀ ਬਣਾਉਣ ਲਈ ਕਿ ਬੈਕਟੀਰੀਆ ਖਤਮ ਹੋ ਗਿਆ ਹੈ, ਇਲਾਜ ਦੇ 2-4 ਹਫ਼ਤਿਆਂ ਬਾਅਦ ਮੁੜ ਤੋਂ ਪਿਸ਼ਾਬ ਦਾ ਟੈਸਟ ਕੀਤਾ ਜਾਣਾ ਚਾਹੀਦਾ ਹੈ। ਤੁਹਾਨੂੰ ਜਣੇਪੇ ਦੌਰਾਨ ਵੀ ਨਾੜੀ ਵਿੱਚ ਐਂਟੀਬਾਇਓਟਿਕਸ ਦਿੱਤੇ ਜਾਣਗੇ|

## ਮੇਰੇ ਬੱਚੇ ਨੂੰ ਲਾਗ ਲੱਗਣ ਦੀ ਕੀ ਸੰਭਾਵਨਾ ਹੈ? What are the chances of my baby getting an infection?

- ਜੇ ਇੱਕ ਮਾਂ ਨੂੰ ਜਨਮ ਦੇਣ ਸਮੇਂ GBS ਹੈ ਅਤੇ ਉਸਦਾ ਇਲਾਜ ਨਹੀਂ ਕਰਵਾਇਆ ਜਾਂਦਾ, ਤਾਂ 200 ਬੱਚਿਆਂ ਵਿੱਚੋਂ 1 (0.5%) ਬਿਮਾਰ ਹੋ ਸਕਦਾ ਹੈ।
- ਐਂਟੀਬਾਇਓਟਿਕ ਇਲਾਜ ਨਾਲ, 4,000 ਬੱਚਿਆਂ ਵਿੱਚੋਂ ਸਿਰਫ਼ 1 (0.025%) ਬਿਮਾਰ ਹੋ ਸਕਦਾ ਹੈ।

## ਕੀ ਐਂਟੀਬਾਇਓਟਿਕਸ ਲੈਣਾ ਨੁਕਸਾਨਦੇਹ ਹੈ? Is it harmful to receive antibiotics?

- ਪੈਨਿਸਿਲਿਨ ਤੋਂ ਹਲਕੀ ਐਲਰਜੀ ਹੋਣ ਦੀ 10 ਵਿੱਚੋਂ 1 ਸੰਭਾਵਨਾ ਹੁੰਦੀ ਹੈ। ਇਹ ਗੁਲਾਬੀ ਧੱਬੇ ਵਾਲੇ ਧੱਫੜ ਹੋ ਸਕਦੇ ਹਨ ਜੋ ਖਾਰਸ਼ ਵਾਲੇ ਹੋ ਸਕਦੇ ਹਨ।
- 10,000 ਵਿੱਚੋਂ ਸਿਰਫ਼ 1 ਵਿਅਕਤੀ ਨੂੰ ਗੰਭੀਰ, ਜਾਨਲੇਵਾ ਐਲਰਜੀ ਹੋਣ ਦੀ ਸੰਭਾਵਨਾ ਹੁੰਦੀ ਹੈ।
  ਜੇ ਕਿਸੇ ਔਰਤ ਨੂੰ ਪੈਨਿਸਿਲਿਨ ਤੋਂ ਐਲਰਜੀ ਹੈ, ਤਾਂ ਹੋਰ ਐਂਟੀਬਾਇਓਟਿਕਸ ਹਨ ਜਿਨ੍ਹਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।
- ਸਾਰੀਆਂ ਐਂਟੀਬਾਇਓਟਿਕਸ ਦੂਜੀਆਂ, ਆਮ ਤੌਰ 'ਤੇ ਛੋਟੀਆਂ, ਸਮੱਸਿਆਵਾਂ ਦਾ ਕਾਰਨ ਬਣ ਸਕਦੀਆਂ ਹਨ ਜਿਵੇਂ ਕਿ ਦਸਤ ਜਾਂ ਯੋਨੀ ਖਮੀਰ ਦੀ ਲਾਗ।

- ਬੱਚੇ ਦੇ ਜਨਮ ਤੋਂ ਬਾਅਦ ਔਰਤਾਂ ਨੂੰ ਨਿੱਪਲ (ਨਿੱਪਲ ਕੈਂਡੀਡੀਆਸਿਸ) ਵਿੱਚ ਖਮੀਰ ਦੀ ਲਾਗ ਲੱਗਣ ਦੀ ਜ਼ਿਆਦਾ ਸੰਭਾਵਨਾ ਹੋ ਸਕਦੀ ਹੈ ਜੋ ਛਾਤੀ ਦਾ ਦੁੱਧ ਚੁੰਘਾਉਣ 'ਤੇ ਅਸਰ ਪਾ ਸਕਦੀ ਹੈ ਪਰ ਐਂਟੀ- ਯੀਸਟ ਕਰੀਮ ਨਾਲ ਇਸ ਦਾ ਇਲਾਜ ਹੋ ਸਕਦਾ ਹੈ।

# ਫਿਰ, ਹੁਣ ਕੀ? So, Now What?

**ਜੇਕਰ ਟੈਸਟ ਕਰਨ 'ਤੇ ਤੁਹਾਨੂੰ ਜੀਬੀਐਸ ਪਾਇਆ ਜਾਂਦਾ ਹੈ, ਤਾਂ ਤੁਹਾਨੂੰ ਹਸਪਤਾਲ ਆਉਣਾ ਚਾਹੀਦਾ ਹੈ ਜਦੋਂ:**

**1. ਤੁਹਾਨੂੰ ਪਾਣੀ ਪੈਂਦਾ ਹੈ (ਝਿੱਲੀ ਫਟ ਜਾਂਦੀ ਹੈ)।**

**ਕਿਰਪਾ ਕਰਕੇ ਹਸਪਤਾਲ ਜਾਣ ਤੋਂ ਪਹਿਲਾਂ ਹਸਪਤਾਲ ਦੇ ਜਨਮ ਕੇਂਦਰ ਨੂੰ 604-244-5134 'ਤੇ ਕਾਲ ਕਰੋ। ਹਸਪਤਾਲ ਵਿੱਚ, ਇੱਕ ਨਾੜੀ ਦੀ ਨਾਲ਼ੀ ਸ਼ੁਰੂ ਕੀਤੀ ਜਾਵੇਗੀ ਅਤੇ ਤੁਹਾਨੂੰ ਐਂਟੀਬਾਇਓਟਿਕ ਦੀ ਤੁਹਾਡੀ ਪਹਿਲੀ ਖ਼ੁਰਾਕ ਦਿੱਤੀ ਜਾਵੇਗੀ। ਇਹ ਤੁਹਾਡੇ ਬੱਚੇ ਦੇ ਜਨਮ ਤੱਕ ਦੁਹਰਾਇਆ ਜਾਵੇਗਾ।**

**2. ਤੁਹਾਨੂੰ ਪ੍ਰਸੂਤੀ ਪੀੜ ਹੋ ਰਹੀ ਹੈ|**

**ਜੇਕਰ ਇਹ ਤੁਹਾਡਾ ਪਹਿਲਾ ਬੱਚਾ ਹੈ, ਤਾਂ ਖਿੱਚਾਂ ਹਰ ਕੁਝ ਮਿੰਟਾਂ ਵਿੱਚ ਪੈਂਦੀਆਂ ਹਨ,** 40 - 60 **ਸਕਿੰਟਾਂ ਤੱਕ ਰਹਿੰਦੀਆਂ ਹਨ ਅਤੇ** 2 **ਘੰਟਿਆਂ ਤੋਂ ਪਹਿਲਾਂ ਨਾਲੋਂ ਤੇਜ਼ ਅਤੇ ਛੇਤੀ ਹੁੰਦੀਆਂ ਜਾ ਰਹੀਆਂ ਹਨ| ਜੇਕਰ ਤੁਹਾਡੇ ਪਹਿਲਾਂ ਬੱਚਾ ਹੈ, ਤਾਂ ਖਿੱਚਾਂ ਪਿਛਲੇ ਇੱਕ ਘੰਟੇ ਤੋਂ ਏਨੀਆਂ ਹੀ ਤੇਜ਼ ਤੇ ਛੇਤੀ- ਛੇਤੀ ਪੈ ਰਹੀਆਂ ਹੁੰਦੀਆਂ ਹਨ|**

**ਕਿਰਪਾ ਕਰਕੇ ਹਸਪਤਾਲ ਜਾਣ ਤੋਂ ਪਹਿਲਾਂ ਰਿਚਮੰਡ ਹਸਪਤਾਲ ਦੇ ਜਨਮ ਕੇਂਦਰ ਨੂੰ 604-244-5134 'ਤੇ ਕਾਲ ਕਰੋ।**